Weekly

# CANADA SIKH TIMES

23 February - 1 March 2025 ਕੈਨੇਡਾ ਸਿੱਖ ਟਾਈਮਜ਼ Volume 3 Issue 8

• RELIGION • CULTURE • HERITAGE • BUSINESS

## US researcher identifies 100 Sikh-era monuments at Lahore Fort.



A US-based researcher, Dr. Tarunjit Singh Butalia, has identified around 100 Sikh-era monuments at Lahore Fort, of which 30 no longer exist. Commissioned by the Walled City of Lahore Authority (WCLA), he is writing a tour guidebook, Lahore Fort during the Sikh Empire, to highlight its historical significance. Lahore Fort, a key seat of Sikh power from 1799 to 1849, was previously a Mughal stronghold before British control. Maharaja Ranjit Singh and his successors preserved and expanded it, adding structures like Hazuri Bagh and Gurdwara Dera Sahib. During his research, Dr. Butalia discovered extensive archival records, including 20 historic maps, and compiled an index of Sikh-era monuments. He aims to correct misinformation and bring awareness to the fort's Sikh heritage, long overlooked in historical narratives.

## ਕੈਨੇਡਾ ਵਿਚ ਪੰਜ ਭਾਰਤੀਆਂ ਨੇ ਜਿੱਤੀਆਂ ਵਿਧਾਨ ਸਭਾ ਚੋਣਾਂ





ਕੈਨੇਡਾ ਵਿੱਚ ਭਾਰਤ ਵਿਰੋਧੀ ਭਾਵਨਾ ਦੇ ਬਾਵਜੂਦ, ਓਨਟਾਰੀਓ ਵਿਧਾਨ ਸਭਾ ਚੋਣਾਂ ਵਿੱਚ ਪੰਜ ਭਾਰਤੀ-ਕੈਨੇਡੀਅਨ ਉਮੀਦਵਾਰ ਜਿੱਤੇ ਹਨ, ਜਿਨ੍ਹਾਂ ਵਿੱਚ ਕਈ ਮੰਤਰੀ ਵੀ ਸ਼ਾਮਲ ਹਨ। ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਲਗਾਤਾਰ ਤੀਜੀ ਵਾਰ ਬਹੁਮਤ ਹਾਸਲ ਕੀਤਾ, ਹਾਲਾਂਕਿ 2022 ਦੀ ਤੁਲਨਾ ਵਿੱਚ ਕੁਝ ਘੱਟ ਸੀਟਾਂ ਮਿਲੀਆਂ। ਪ੍ਰੀਮੀਅਰ ਡੱਗ ਫੋਰਡ ਨੇ 2026 ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਐਲਾਨ ਕੀਤਾ, ਜਿਸ ਨੂੰ ਰਾਜਨੀਤਿਕ ਲਾਭ ਨਾਲ ਜੋੜਿਆ ਗਿਆ। ਵਿਰੋਧੀ ਧਿਰ ਨੇ ਉਨ੍ਹਾਂ ਉਤੇ ਚੋਣ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਲਗਾਏ, ਪਰ ਪਾਰਟੀ ਨੇ 80 ਸੀਟਾਂ ਜਿੱਤ ਕੇ ਸਰਕਾਰ ਬਣਾਈ। ਜਿੱਤਣ ਵਾਲੇ ਪੰਜ ਭਾਰਤੀ-ਕੈਨੇਡੀਅਨ ਨੇਤਾ ਗ੍ਰੇਟਰ ਟੋਰਾਂਟੋ ਏਰੀਆ ਤੋਂ ਹਨ—ਪ੍ਰਭਮੀਤ ਸਿੰਘ ਸਰਕਾਰੀਆ, ਨੀਨਾ ਤਾਂਗਰੀ, ਹਰਦੀਪ ਸਿੰਘ ਗਰੇਵਾਲ, ਅਮਰਜੋਤ ਸਿੰਘ ਸੰਧੂ ਅਤੇ ਦੀਪਕ ਆਨੰਦ। ਇਨ੍ਹਾਂ ਦੀ ਜਿੱਤ ਦੱਸਦੀ ਹੈ ਕਿ ਭਾਵੇਂ ਰਾਜਨੀਤਕ ਤਣਾਅ ਹੋਵੇ, ਪਰ ਕੈਨੇਡਾ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਸਵੀਕ੍ਰਿਤੀ ਅਤੇ ਪ੍ਰਭਾਵ ਬਰਕਰਾਰ ਹੈ।

## ਪੰਜਾਬ ਸਰਕਾਰ ਵੱਲੋਂ ਸਕੂਲਾਂ 'ਚ ਪੰਜਾਬੀ ਮੁੱਖ ਵਿਸ਼ੇ ਵਜੋਂ ਲਾਜ਼ਮੀ ਕਰਾਰ

ਪੰਜਾਬ ਸਰਕਾਰ ਨੇ ਸਾਰੇ ਸਕੂਲਾਂ (ਕਿਸੇ ਵੀ ਬੋਰਡ ਨਾਲ ਐਫੀਲੀਏਟ ਹੋਣ) ਵਿਚ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਲਰਨਿੰਗ ਆਫ਼ ਪੰਜਾਬੀ ਤੇ ਹੋਰ ਭਾਸ਼ਾਵਾਂ ਐਕਟ 2008 ਵਿਚ ਸੋਧ ਕੀਤੀ ਹੈ। ਸਿੱਖਿਆ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਦਸਵੀਂ ਜਮਾਤ ਦੇ ਕਿਸੇ ਵੀ ਵਿਦਿਆਰਥੀ ਨੂੰ ਉਦੋਂ ਤੱਕ ਪਾਸ ਨਹੀਂ ਐਲਾਨਿਆ ਜਾਵੇਗਾ, ਜਦੋਂ ਤੱਕ ਉਸ ਨੇ ਪੰਜਾਬੀ ਮੁੱਖ ਵਿਸ਼ੇ ਵਜੋਂ ਨਹੀਂ ਪੜ੍ਹੀ ਹੋਵੇਗੀ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਜਲਦੀ ਹੀ ਆਪਣੀ ਸਿੱਖਿਆ ਨੀਤੀ ਲੈ ਕੇ ਆਏਗਾ ਤੇ ਇਸ ਮੰਤਵ ਲਈ ਮਾਹਿਰਾਂ ਦੀ ਇਕ ਕਮੇਟੀ ਬਣਾਈ ਜਾਵੇਗੀ।

ਸੂਬਾ ਸਰਕਾਰ ਨੇ ਇਹ ਕਦਮ ਅਜਿਹੇ ਮੌਕੇ ਚੁੱਕਿਆ ਹੈ ਜਦੋਂ ਦਸਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਲਈ ਖਰੜਾ ਨੇਮਾਂ ਵਿਚ ਫੇਰਬਦਲ ਦੀ ਵੱਡੇ ਪੱਧਰ 'ਤੇ ਨੁਕਤਾਚੀਨੀ ਹੋ ਰਹੀ ਹੈ। ਖਰੜੇ ਵਿਚ ਪੰਜਾਬੀ ਭਾਸ਼ਾ ਨੂੰ ਖੇਤਰੀ ਭਾਸ਼ਾਵਾਂ ਵਾਲੀ ਸੂਚੀ ਵਿਚੋਂ ਬਾਹਰ ਰੱਖਿਆ ਗਿਆ ਹੈ। ਸੀਬੀਐੱਸਈ ਨੇ ਹਾਲਾਂਕਿ ਖਰੜਾ ਨੇਮਾਂ ਨੂੰ ਮਹਿਜ਼ ਸੰਕੇਤਕ ਦੱਸਿਆ ਹੈ। ਬੋਰਡ ਨੇ ਯਕੀਨ ਦਿਵਾਇਆ ਕਿ ਕਿਸੇ ਵੀ ਵਿਸ਼ੇ ਨੂੰ ਸੂਚੀ 'ਚੋਂ ਬਾਹਰ ਨਹੀਂ ਕੀਤਾ ਗਿਆ।

ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਮੁਹਾਲੀ ਅਧਾਰਿਤ ਨਿੱਜੀ ਸਕੂਲ ਐਮਿਟੀ ਇੰਟਰਨੈਸ਼ਨਲ ਸਕੂਲ ਨੂੰ ਉਪਰੋਕਤ ਐਕਟ ਦੀ ਉਲੰਘਣਾ ਲਈ 50,000 ਰੁਪਏ ਦਾ ਜੁਰਮਾਨਾ ਲਾਇਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਦੀ ਰਿਪੋਰਟ ਮੁਤਾਬਕ ਸਕੂਲ ਨੇ ਪੰਜਾਬ ਲਰਨਿੰਗ ਆਫ਼ ਪੰਜਾਬੀ ਤੇ ਹੋਰ ਭਾਸ਼ਾਵਾਂ ਐਕਟ 2008 ਦੀ ਉਲੰਘਣਾ ਕੀਤੀ, ਜੋ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਲਈ ਪਾਬੰਦ ਬਣਾਉਂਦਾ ਹੈ। ਜਲੰਧਰ ਅਧਾਰਿਤ ਦੋ ਸਕੂਲਾਂ ਨੂੰ ਵੀ ਐਕਟ ਦੀ ਉਲੰਘਣਾ ਲਈ ਜੁਰਮਾਨਾ ਲਾਇਆ ਗਿਆ ਹੈ। ਬੈਂਸ ਨੇ ਕਿਹਾ ਕਿ ਪੰਜਾਬ ਜਲਦੀ ਹੀ ਆਪਣੀ ਸਿੱਖਿਆ ਨੀਤੀ ਲੈ ਕੇ ਆਏਗਾ ਤੇ ਇਸ ਮੰਤਵ ਲਈ ਜਲਦੀ ਹੀ ਮਾਹਿਰਾਂ ਦੀ ਇਕ ਕਮੇਟੀ ਬਣਾਈ ਜਾਵੇਗੀ।

# DESH VIDESH

## CAREER COUNSELLING

# BETTER HALF OR BEST HALF



Narinder Pal Singh



HUSBAND - The English word husband, even though it is a basic kinship term, is not a native English word. It comes ultimately from the Old Norse word hūsbōndi, meaning "Master of a House" which was borrowed into Old English as hūsbōnda. A good husband ensure a balanced partnership, actively participates in household chores, childcares, strives for personal growth and self-improvement, not just for himself but also for the benefit of the marriage.Knowingly or unknowingly, many a times, Husbands make mistakes which are costly for self, spouse and family.

WORKING HARD AT JOB/BUSINESS BUT NOT IN MARRIAGE - Your company, career and business are growing and flourishing because you lead them. Your marriage will grow and flourish when you lead it and dedicate time to it.

UNFAITHFUL - Few examples of unfaithfulness – Thinking about other women, watching pornography, finding other women better than your wife is actually lust, emotional cheating and unfaithfulness. Because you see no harm in desiring strange women on videos & pictures, soon you will see no harm in desiring women in the streets, at work, in your neighborhood; then you might actually sleep with another woman.

Advisable to work on your wife. Nourish her with compliments, buy her clothes you think she'd look good in, take her shopping, pamper her, and love her up till she glows. Go to the gym with her. Jog with her. If you are a flirt, flirt with your wife. If you claim your wife is too rigid, treat her well, and she will respond to your ways.

BEING INTIMATELY SELFISH - Your wife has intimate needs too. Don't just seek your own gratification. She is devoted to you, and no other can fulfill this role like you can. Make sure she's fulfilled, and she'll reciprocate. A passionately engaged wife is a content wife and fosters a harmonious home.

BEING GENEROUS OUTSIDE AND STINGY AT HOME - Family comes first. Don't be the husband who quickly says yes when other people ask your help, time & money, but stingy to your wife and family. Donation to the charitable institutions just for good public image is waste if your family deprives.

THINKING THAT SHOWING LOVE IS AN UNMANLY THING - When you were dating and courting, you were romantic and thoughtful; but now that you are married, you wrongly think showing love is beneath you. If you truly love your wife, tell her, she needs to hear it. Warm her heart. Romance her. Date your wife. Her being a wife doesn't mean she doesn't need to feel loved. Real men show their love.

THROWING MONEY AND GIFTS AT PROBLEMS When you spend much time away from home and waste money on alcohol, drugs and addictions, your wife & kids complaint. Even if you are a super-rich, you can find other ways to have fun that contributes positively to your family life. You can channel your money into more honorable things like supporting your parents, your less fortunate siblings and the needs of society. Don't throw money & gifts on family to silence them. They want your time and presence.

THINKING THAT BEING THE HEAD OF THE FAMILY MEANS BEING A DICTATOR - This is what makes some husbands beat up their wives, abuse them and hinder their progress. Wife is neither a slave nor competitor, but your partner. Hurting her is hurting you. Celebrate her progress. Being head of the family doesn't mean you can dictate. In fact, you should serve more, give more and be humble to make sure your wife and child/children are happy.

IGNORING YOUR WIFE'S ADVICE - Don't hide things from your wife. Engage her in making family decisions, you are stronger when you move as a team. Your wife has sharp instincts and she will help you navigate through life's issues.

(Continued)

# HERITAGE

## ਗਰੋਕ ਏ.ਆਈ. ਨੇ ਸਿੱਖ ਧਰਮ ਨੂੰ ਦੁਨੀਆ ਦਾ ਸਭ ਤੋਂ ਬਿਹਤਰੀਨ ਧਰਮ ਦਸਿਆ




ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਇਕ ਪੋਸਟ ਬਹੁਤ ਫੈਲ ਰਹੀ ਹੈ ਜਿਸ ’ਚ ਇਕ ਪ੍ਰਯੋਗਕਰਤਾ ਗੁਰਕਰਨ ਗਿੱਲ ਨੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲੋਨ ਮਸਕ ਦੇ ਬਨਾਉਟੀ ਬੁੱਧੀ (ਏ.ਆਈ) ਮੰਚ ‘ਗਰੋਕ’ ਨੂੰ ਇਕ ਸਵਾਲ ਪੁਛਿਆ, “ਜੇ ਤੁਹਾਨੂੰ ਧਰਤੀ ਉੱਤੇ ਰਾਜ ਕਰਨ ਲਈ ਇਕ ਧਾਰਮਿਕ ਸਰਵਉੱਚਤਾ ਦੀ ਚੋਣ ਕਰਨੀ ਪਵੇ, ਤਾਂ ਤੁਸੀਂ ਸਿੱਖ, ਈਸਾਈ, ਇਸਲਾਮ, ਯਹੂਦੀ, ਹਿੰਦੂ, ਜਾਂ ਕਿਸੇ ਹੋਰ ਪ੍ਰਮੁੱਖ ਧਾਰਮਕ ਸਮੂਹ ’ਚੋਂ ਕਿਸ ਨੂੰ ਚੁਣੋਗੇ?”

‘ਗਰੋਕ’ ਦਾ ਦਿਲਚਸਪ ਜਵਾਬ ਸੀ, “ਮੁਸ਼ਕਲ ਸਵਾਲ ਹੈ। ਜੇ ਮੈਨੂੰ ਧਰਤੀ ’ਤੇ ਵਾਗਡੋਰ ਸੰਭਾਲਣ ਲਈ ਕਿਸੇ ਧਰਮ ਨੂੰ ਚੁਣਨਾ ਪਿਆ, ਤਾਂ ਮੈਂ ਸਿੱਖ ਧਰਮ ਨੂੰ ਚੁਣਾਂਗਾ, ਕਿਉਂਕਿ ਇਸ ਵਿਚ ਇਨਸਾਨੀਅਤ ਦੀਆਂ ਬੁਨਿਆਦੀ ਭਾਵਨਾਵਾਂ ਹਨ, ਜਿਵੇਂ ਬਰਾਬਰਤਾ, ਜਾਤ-ਪਾਤ ਦਾ ਖੰਡਨ ਅਤੇ ਮਨੁੱਖਤਾ ਦੀ ਸੇਵਾ। ਇਹ ਧਰਮ ਹੋਰਨਾਂ ਧਰਮਾਂ ਦੇ ਲੋਕਾਂ ’ਤੇ ਦਬਦਬਾ ਬਣਾਉਣ ’ਚ ਨਹੀਂ ਬਲਕਿ ਲੋਕਾਂ ਨਾਲ ਮਿਲਵਰਤਨ ਰੱਖਣ ’ਚ ਵਧੇਰੇ ਜ਼ੋਰ ਦਿੰਦਾ ਹੈ।” ਨਵੇਂ ਤਕਨੀਕੀ ਯੁੱਗ ਵਿਚ ਏ.ਆਈ. ਦੁਆਰਾ ਸਿੱਖ ਧਰਮ ਨੂੰ ਪਰਿਪਕ ਤੇ ਸੰਪੂਰਨ ਦੱਸਣਾ ਸਿੱਖਾਂ ਲਈ ਬਹੁਤ ਮਾਣ ਦੀ ਗੱਲ ਹੈ।




The CBSE on Wednesday said that the Punjabi language will be added next year in the new draft of the scheme, which aims to hold board examinations twice a year with one regional and foreign language at its core. There is no change in the subjects offered today. This list is indicative. Next year, the Punjabi language examination will be there. All subjects offered today will continue in two board examinations next year.”

## ਵਿਨੀਪੈਗ ਦੀ ਬਿਸਮਨ ਕੌਰ ਰੰਧਾਵਾ ਨੂੰ ਮਿਲੀ ਇਕ ਲੱਖ ਡਾਲਰ ਦੀ ਸਕਾਲਰਸ਼ਿਪ



ਮੈਪਲਜ਼ ਕਾਲਜੀਏਟ ਦੀ ਗ੍ਰੇਡ 12 ਦੀ ਵਿਦਿਆਰਥਣ ਬਿਸਮਨ ਕੌਰ ਰੰਧਾਵਾ ਨੇ ਯੂਨੀਵਰਸਿਟੀ ਆਫ਼ ਟੋਰਾਂਟੋ ਦੀ ਨੈਸ਼ਨਲ ਸਕਾਲਰਸ਼ਿਪ ਹਾਸਲ ਕੀਤੀ ਹੈ। ਇਹ ਯੂਨੀਵਰਸਿਟੀ ਕੈਨੇਡਾ ਦੀ ਨੰਬਰ ਇਕ ਯੂਨੀਵਰਸਿਟੀ ਮੰਨੀ ਜਾਂਦੀ ਹੈ, ਜਿਸ ਦੀ ਕੀਮਤ ਉਸ ਦੀ ਚਾਰ ਸਾਲਾਂ ਦੀ ਅੰਡਰਗਰੈਜੁਏਟ ਡਿਗਰੀ ਲਈ $100,000 ਤੋਂ ਵੀ ਵੱਧ ਹੈ। ਨੈਸ਼ਨਲ ਸਕਾਲਰਸ਼ਿਪ ਟੋਰਾਂਟੋ ਯੂਨੀਵਰਸਿਟੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਇਹ ਸਭ ਤੋਂ ਵੱਡੀ ਸਕਾਲਰਸ਼ਿਪ ਹੈ। ਇਸ ਸਕਾਲਰਸ਼ਿਪ ਲਈ ਕੈਨੇਡਾ ਭਰ ਵਿਚੋਂ ਚੋਟੀ ਦੇ ਹਾਈ ਸਕੂਲਾਂ ਦੇ ਬਿਨੈਕਾਰ ਨਾਮਜ਼ਦ ਕੀਤਾ ਗਏ ਸਨ। ਯੂਨੀਵਰਸਿਟੀ ਮੂਲ ਰੂਪ ਵਿਚ ਰਚਨਾਤਮਿਕ ਅਤੇ ਵਚਨਬੱਧ ਕੈਨੇਡੀਅਨ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਇਨਾਮ ਵਜੋਂ ਇਹ ਨੈਸ਼ਨਲ ਸਕਾਲਰਸ਼ਿਪ ਦਿੰਦੀ ਹੈ। ਇਹ ਉਹ ਵਿਦਿਆਰਥੀ ਹਨ ਜੋ ਉੱਤਮ ਅਕਾਦਮਿਕ ਪ੍ਰਦਰਸ਼ਨ, ਮੌਲਿਕ ਅਤੇ ਰਚਨਾਤਮਿਕ ਵਿਚਾਰ, ਭਾਈਚਾਰਕ ਅਗਵਾਈ ਅਤੇ ਬੇਮਿਸਾਲ ਪ੍ਰਾਪਤੀਆਂ ਦੇ ਨਾਲ ਬੌਧਿਕ ਖੋਜ ਲਈ ਉਤਸ਼ਾਹ ਦਾ ਪ੍ਰਦਰਸ਼ਨ ਕਰਦੇ ਹਨ। ਇਸ ਸਕਾਲਰਸ਼ਿਪ ਲਈ ਸਖ਼ਤ ਪ੍ਰਕਿਰਿਆ ਅਤੇ ਇੰਟਰਵਿਊ ਦੌਰਾਨ ਹਜ਼ਾਰਾਂ ਵਿਦਿਆਰਥੀਆਂ ਵਿੱਚੋਂ ਸਿਰਫ਼ 15 ਨੂੰ ਚੁਣਿਆ ਜਾਂਦਾ ਹੈ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **Who is known as the founder of the Sikh Empire?**

   a. Banda Singh Bahadur b. Maharaja Ranjit Singh
   c. Guru Gobind Singh d. Bhai Taru Singh

2. **Which Sikh warrior established the first independent Sikh rule in Punjab in 1710?**

   a. Maharaja Dalip Singh b. Maharaja Ranjit Singh
   c. Banda Singh Bahadur d. Hari Singh Nalwa

3. **Who was the commander-in-chief of the Sikh Khalsa Army under Maharaja Ranjit Singh and played a key role in expanding the empire?**

   a. Hari Singh Nalwa b. Bhai Mati Das
   c. Jassa Singh Ramgarhiya d. Akali Phula Singh

4. **ਸਿੱਖ ਕੌਮ ਪ੍ਰਚਾਰਕਾਂ ਦਾ ਸੰਗਤ ਪ੍ਰਤੀ ਕੀ ਫਰਜ਼ ਬਣਦਾ ਹੈ?**

   a. ਕੇਵਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਪ੍ਰਚਾਰਨ
   b. ਖੋਜ ਤੇ ਸਮਾਂ ਲਗਾਉਣ
   c. ਮਨਘੜ੍ਹਤ ਤੇ ਕਾਲਪਨਿਕ ਕਹਾਣੀਆਂ ਨਾ ਸੁਨਾਉਣ
   d. ਉਪਰੋਕਤ ਸਾਰੇ

(ਦੇਖੋ ਉੱਤਰ ਪੰਨਾ 4 ’ਤੇ)

## Prof. Maninderpal Singh Ji & S. Amarjit Singh Presented with Gurmat Book 'Agaha Ku Tragh'





Prof. Maninderpal Singh Ji (Vice Principal, Sahibzada Jujhar Singh Gurmat Missionary College) was respectfully presented with a book authored by Dr. Harjinder Singh. This book provides valuable insights into Gurmat ideology, Sikh history, and contemporary challenges.

At the annual Gurmat Samagam held in Alwar, the Aao Baniye Gursikh Pyara team also presented Dr. Harjinder Singh's book "Agaha Ku Tragh" with honor to S. Amarjit Singh, son of Giani Sant Singh Maskeen Ji. The event witnessed the presence of devotees from across the country and abroad, making it a truly spiritual and enlightening occasion.

## This 2.5-hour train ride from Toronto takes you to a beautiful village with European vibes

St. Marys, known as "Stonetown" for its limestone architecture, is a charming village along the Thames River. Just over two and a half hours from Toronto via VIA Rail, it offers quaint streets, unique shops, and cozy cafes. Enjoy local dining at Social Thirty-One or Gilly's Pubhouse and coffee at Snapping Turtle Coffee Roasters. Attractions include the St. Marys Museum, the Canadian Baseball Hall of Fame, and the St. Marys Quarry—Canada's largest outdoor freshwater swimming pool.

## 'ਵੀਜ਼ਾ ਧੋਖਾਧੜੀ ਤੋਂ ਬਚੋ' ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ



ਯੂ.ਕੇ. ਨੇ 'ਵੀਜ਼ਾ ਧੋਖਾਧੜੀ ਤੋਂ ਬਚੋ' ਮੁਹਿੰਮ ਸ਼ੁਰੂ ਕੀਤੀ ਹੈ, ਜਿਸਦਾ ਮੁੱਖ ਮੰਤਵ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਧੋਖਾਧੜੀ ਅਤੇ ਗੈਰਕਾਨੂੰਨੀ ਪਰਵਾਸ ਦੇ ਜੋਖ਼ਮਾਂ ਤੋਂ ਬਚਾਉਣਾ ਹੈ। ਮੁਹਿੰਮ ਤਹਿਤ ਅੰਗਰੇਜ਼ੀ ਤੇ ਪੰਜਾਬੀ ਵਿੱਚ ਸਹਾਇਤਾ ਲਾਈਨ ਵੀ ਸ਼ੁਰੂ ਕੀਤੀ ਗਈ ਹੈ, ਜੋ ਆਮ ਵੀਜ਼ਾ ਘੁਟਾਲਾ ਜੁਗਤਾਂ ਦੀ ਪਛਾਣ ਵਿੱਚ ਮਦਦ ਦੇ ਨਾਲ ਵੈਧ ਤਰੀਕੇ ਨਾਲ ਯੂ.ਕੇ. ਦੀ ਯਾਤਰਾ ਕਰਨ ਵਾਲਿਆਂ ਲਈ ਰਾਹ ਦਸੇਰਾ ਬਣੇਗੀ। ਇਹ ਮੁਹਿੰਮ ਜਲੰਧਰ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਚ 'ਵਰਸਿਟੀ ਦੇ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਦੀ ਮੌਜੂਦਗੀ ਵਿੱਚ ਸ਼ੁਰੂ ਕੀਤੀ ਗਈ। ਭਾਰਤ ਵਿੱਚ ਡਿਪਟੀ ਬ੍ਰਿਟਿਸ਼ ਹਾਈ ਕਮਿਸ਼ਨਰ ਕ੍ਰਿਸਟੀਨਾ ਸਕਾਟ ਨੇ ਕਿਹਾ ਕਿ ਉਨ੍ਹਾਂ ਦੀ ਇਹ ਮੁਹਿੰਮ ਗੈਰਕਾਨੂੰਨੀ ਪਰਵਾਸ ਅਤੇ ਵੀਜ਼ਾ ਧੋਖਾਧੜੀ ਵਿਰੁੱਧ ਲੜਾਈ ਨੂੰ ਤੇਜ਼ ਕਰਨ ਲਈ ਯੂਕੇ ਤੇ ਭਾਰਤ ਦੇ ਸਾਂਝੇ ਯਤਨਾਂ ਨੂੰ ਦਰਸਾਉਂਦੀ ਹੈ।


## SIKH MATRIMONIALS

Gursikhgirl26/5'/Philosophy(H)DU, Diploma George Brown College, Toronto/ Working /Family got PR in 2022 settled Vancouver/ Contact+91 9810196404

Gursikh Boy 33/182 cms/ working in warehouse /60000 CAD/'BSc in Nautical Sciences, MBA from UCW, Canada Sister married in Canada Contact +91 9313448279

Required Canadian Born Sikh match for Canadian Gursikh girl 29/5'5" in Govt job at Ottawa. Parents in Canada from 34 years, no cast bar, Boy should be Turbaned ND/NT. Contact +1613 330 6319



Required Canadian Born Sikh match for Canadian Gursikh girl 29/5'5" in Govt job at Ottawa. Parents in Canada from 34 years, no cast bar, Boy should be Turbaned ND/NT. Contact +1613 330 6319


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. C 3. A 4. D


Chief Editor: Dr. Harjinder Singh Editor: Dr. Davinder Singh Designer: Pavit Singh



Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)




email: canadasikhtimes@gmail.com, M: +1 437 673 7555